# ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ (ਐ:ਸਿ:) ਪੰਜਾਬ, ਐਸ.ਏ.ਐਸ. ਨਗਰ
## (ਸਪੋਰਟਸ ਸ਼ਾਖਾ)

ਵੱਲੋਂ

1) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.), ਪੰਜਾਬ।
2) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.), ਪੰਜਾਬ।
3) ਸਮੂਹ ਸਹਾਇਕ ਸਿੱਖਿਆ ਅਫ਼ਸਰ (ਖੇਡਾਂ), ਪੰਜਾਬ।

ਮੀਮੋ ਨੰ: ਸਪੋ./ [illegible]-2018 [illegible]
ਮਿਤੀ : ਐਸ.ਏ.ਐਸ. ਨਗਰ-21/08/2018

**ਵਿਸ਼ਾ :- ਮਿਤੀ 29.08.2018 ਨੂੰ ਨੈਸ਼ਨਲ ਸਪੋਰਟਸ ਡੇ ਮਨਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਸਬੰਧੀ ਸਹਾਇਕ ਸਿੱਖਿਆ ਅਫ਼ਸਰ (ਖੇਡਾਂ) ਨੂੰ ਲਿਖਿਆ ਜਾਂਦਾ ਹੈ ਕਿ ਆਪਣੇ-ਆਪਣੇ ਜ਼ਿਲ੍ਹੇ ਵਿੱਚ ਹਾਕੀ ਦੀਆਂ ਦੋ ਟੀਮਾਂ ਬਣਾ ਕੇ ਮਿਤੀ 29.08.2018 ਸ਼ਾਮ ਨੂੰ ਪਦਮਸ਼੍ਰੀ ਧਿਆਨ ਚੰਦ ਜੀ ਦੀ ਯਾਦ ਵਿੱਚ ਹਾਕੀ ਮੈਚ ਕਰਵਾਇਆ ਜਾਵੇ।

2.0 ਸਮੂਹ ਪ੍ਰਾਇਮਰੀ, ਮਿਡਲ, ਹਾਈ, ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਵਿੱਚ ਮਿਤੀ 29.08.2018 ਨੂੰ ਨੈਸ਼ਨਲ ਸਪੋਰਟਸ ਡੇ ਤੇ ਹੇਠ ਲਿਖੀਆਂ ਗਤੀਵਿਧੀਆਂ ਕਰਵਾਈਆਂ ਜਾਣਗੀਆਂ:

(ੳ) ਮੈਰਾਥਨ ਦੌੜ :- ਸਮਾਂ ਸਵੇਰੇ 8:00 ਵਜੇ ਤੋਂ 9:00 ਵਜੇ ਤੱਕ।
(ਅ) ਵਿਰਾਸਤੀ ਖੇਡਾਂ :- ਸਮਾਂ ਸਵੇਰੇ 9:15 ਵਜੇ ਤੋਂ 9:45 ਵਜੇ ਤੱਕ।
(ੲ) ਉਡਾਣ ਪ੍ਰੋਜੈਕਟ :- ਸਮਾਂ ਸਵੇਰੇ 9:45 ਵਜੇ ਤੋਂ 10:30 ਵਜੇ ਤੱਕ।
(ਸ) ਬੀ.ਬੀ.ਐਮ.ਬੀ. ਵੱਲੋਂ ਊਰਜਾ ਸੁਰੱਖਿਅਣ 'ਤੇ ਕਰਵਾਏ ਜਾਣ ਵਾਲਾ ਪੇਟਿੰਗ ਮੁਕਾਬਲਾ :- ਸਮਾਂ ਸਵੇਰੇ 10:30 ਵਜੇ ਤੋਂ 11:30 ਵਜੇ ਤੱਕ।
(ਹ) ਮਿਡ -ਡੇ-ਮੀਲ (ਅੱਧੀ ਛੁੱਟੀ) :- ਸਮਾਂ ਸਵੇਰੇ 11:30 ਵਜੇ ਤੋਂ 12:00 ਵਜੇ ਤੱਕ।
(ਕ) PCRA ਵੱਲੋਂ 'ਈਂਧਣ ਬਚਾਓ' 'ਤੇ ਕਰਵਾਏ ਜਾਣ ਵਾਲੇ ਪੇਟਿੰਗ ਮੁਕਾਬਲਾ, ਲੇਖ ਮੁਕਾਬਲਾ ਅਤੇ ਕੁਇਜ਼ ਮੁਕਾਬਲਾ : ਸਮਾਂ ਸਵੇਰੇ 12:00 ਵਜੇ ਤੋਂ 2:00 ਵਜੇ ਤੱਕ।

3.0 ਉੱਕਤ ਮੁਕਾਬਲੇ ਕਰਵਾਉਣ ਸਬੰਧੀ ਹਦਾਇਤਾਂ ਹੇਠ ਲਿਖੇ ਅਨੁਸਾਰ ਹਨ:

(ੳ) <u>ਮੈਰਾਥਨ ਦੌੜ</u> : ਮੈਰਾਥਨ ਦੌੜ ਪੜ੍ਹੋ ਪੰਜਾਬ, ਖੇਡੋ ਪੰਜਾਬ ਦੇ ਬੈਨਰ ਹੇਠ ਕਰਵਾਈ ਜਾਵੇ।

1) ਇਸ ਦਿਨ ਸਕੂਲ ਮੁੱਖੀ ਮੌਸਮ ਅਨੁਸਾਰ ਆਪਣੇ ਪੱਧਰ ਤੇ ਸਕੂਲ ਦਾ ਸਮਾਂ ਨਿਸ਼ਚਿਤ ਕਰ ਸਕਦਾ ਹੈ। ਭਾਵ ਉਹ ਰੋਜਾਨਾ ਨਿਸ਼ਚਿਤ ਸਮੇਂ ਤੋਂ ਜਿੰਨਾਂ ਸਮਾਂ ਪਹਿਲਾਂ ਜਾਂ ਬਾਅਦ ਵਿੱਚ ਸਕੂਲ ਲਗਵਾਉਣਗੇ, ਉਨਾਂ ਸਮਾਂ ਉਹ ਪਹਿਲਾਂ ਜਾਂ ਬਾਅਦ ਵਿੱਚ ਛੁੱਟੀ ਕਰਨਗੇ।
2) ਸਕੂਲ ਮੁੱਖੀ ਨਿਸ਼ਚਿਤ ਕਰਨਗੇ ਕਿ ਸਕੂਲ ਦਾ ਹਰ ਵਿਦਿਆਰਥੀ ਇਸ ਮੈਰਾਥਨ ਦੌੜ ਵਿੱਚ ਭਾਗ ਲਵੇ। ਸਿਰਫ ਉਹਨਾਂ ਵਿਦਿਆਰਥੀਆਂ ਨੂੰ ਜੋ ਕਿਸੇ ਬਿਮਾਰੀ ਤੋਂ ਪੀੜਤ ਹਨ ਜਾਂ ਅਚਨਚੇਤ ਬਿਮਾਰ ਹੋ ਗਏ ਹਨ, ਨੂੰ ਦੌੜਨ ਲਈ ਮਜਬੂਰ ਨਾ ਕੀਤਾ ਜਾਵੇ।
3) ਮੈਰਾਥਨ ਦੌੜ ਆਰੰਭ ਕਰਨ ਤੋਂ ਪਹਿਲਾਂ ਦੌੜ ਵਾਸਤੇ ਰੂਟ (ਰਸਤਾ) ਤੈਅ ਕਰ ਲਿਆ ਜਾਵੇ ਅਤੇ ਸਕੂਲ ਦੇ ਅਧਿਆਪਕ ਬੱਚਿਆਂ ਦੇ ਨਾਲ-ਨਾਲ ਦੌੜਨਗੇ ਅਤੇ ਉਹਨਾਂ ਦੀ ਸੇਫਟੀ ਅਤੇ ਸਕਿਊਰਿਟੀ ਦਾ ਧਿਆਨ ਰੱਖਣਗੇ।
4) ਉਸ ਦਿਨ ਵਿਦਿਆਰਥੀ ਸਕੂਲ ਦੀ ਵਰਦੀ ਤੋਂ ਇਲਾਵ ਹੋਰ ਕਿਸੇ ਵੀ ਤਰ੍ਹਾਂ ਦੀ ਡਰੈਸ ਜਿਵੇਂ ਕਿ ਟ੍ਰੈਕ ਸੂਟ ਜਾਂ ਜੋ ਡਰੈਸ ਉਹਨਾਂ ਕੋਲ ਉਪਲਬੱਧ ਹੋਵੇ, ਪਾ ਕੇ ਸਕੂਲ ਆ ਸਕਦੇ ਹਨ।
5) ਜਿਹੜੇ ਅਧਿਆਪਕ ਖਾਸ ਕਰਕੇ ਇਸਤਰੀ ਅਧਿਆਪਕਾਂ ਨੂੰ ਕਿਸੇ ਕਿਸਮ ਦੀ ਮੈਡੀਕਲ ਸਮੱਸਿਆ ਹੋਵੇ ਉਹਨਾਂ ਨੂੰ ਦੌੜਨ ਲਈ ਮਜਬੂਰ ਨਾ ਕੀਤਾ ਜਾਵੇ, ਉਹ ਪੈਦਲ ਚੱਲ ਸਕਦੇ ਹਨ।
6) ਇਹ ਮੈਰਾਥਨ ਦੌੜ ਸਕੂਲ ਲੱਗਣ ਦੇ ਸਮੇਂ ਤੋਂ ਸ਼ੁਰੂ ਕਰਨ ਤੋਂ ਇੱਕ ਘੰਟੇ ਵਿੱਚ ਸਮਾਪਤ ਕਰ ਲਈ ਜਾਵੇ।
7) ਵਿਦਿਆਰਥੀਆਂ ਦੇ ਆਯੂ (ਉਮਰ) ਗੁੱਟ ਨੂੰ ਧਿਆਨ ਵਿੱਚ ਰੱਖਦੇ ਹੋਏ ਹੇਠ ਦਰਸਾਏ ਅਨੁਸਾਰ ਮੈਰਾਥਨ ਦੌੜ ਨਿਸ਼ਚਿਤ ਕੀਤੀ ਜਾਂਦੀ ਹੈ:-

| ਆਯੂ ਗੁੱਟ | ਲੜਕੀਆਂ | ਲੜਕੇ |
|---|---|---|
| ਅੰਡਰ - 11 | 1 ਕਿਲੋਮੀਟਰ | 2 ਕਿਲੋਮੀਟਰ |
| ਅੰਡਰ - 14-17 | 3 ਕਿਲੋਮੀਟਰ | 5 ਕਿਲੋਮੀਟਰ |
| ਅੰਡਰ - 19 | 4 ਕਿਲੋਮੀਟਰ | 6 ਕਿਲੋਮੀਟਰ |

8) ਜੇ ਸੰਭਵ ਹੋਵੇ ਤਾਂ ਮੈਰਾਥਨ ਦੌੜ ਤੋਂ ਬਾਅਦ ਵਿਦਿਆਰਥੀਆਂ ਲਈ ਹਲਕੇ-ਫੁਲਕੇ ਰਿਫਰੈਸਮੈਂਟ ਦਾ ਪ੍ਰਬੰਧ ਸਕੂਲ ਪੱਧਰ ਤੇ ਕਰ ਲਿਆ ਜਾਵੇ।
9) ਮੈਰਾਥਨ ਦੌੜ ਸ਼ੁਰੂ ਕਰਨ ਤੋਂ ਪਹਿਲਾਂ ਫਸਟ-ਏਡ ਕਿੱਟ ਦਾ ਇੰਤਜ਼ਾਮ ਪਹਿਲਾਂ ਕਰਨਾ ਯਕੀਨੀ ਬਣਾਇਆ ਜਾਵੇ।
10) ਮੈਰਾਥਨ ਦੌੜ ਖਤਮ ਹੋਣ ਉਪਰੰਤ ਵਿਦਿਆਰਥੀਆਂ ਨੂੰ ਥੋੜਾ ਰਲੈਕਸ ਹੋਣ ਦਿੱਤਾ ਜਾਵੇ।

**(ਅ) ਵਿਰਾਸਤੀ ਖੇਡਾਂ :** ਸਕੂਲ ਵਿੱਚ ਵਿਦਿਆਰਥੀਆਂ ਨੂੰ ਵਰਾਸਤੀ ਖੇਡਾਂ ਜਿਵੇਂ ਕਿ ਛੂਣ-ਛੁਹਾਈ, ਕੋਟਲਾ ਛਪਾਕੀ, ਲੀਡਰ ਲੱਭਣਾਂ, ਬਿੱਲੀ ਚੂਹਾ, ਰੁਮਾਲ ਚੁੱਕਣਾ, ਮਸੌਲਾ ਘੋੜੀ, ਚੱਕਰ ਵਾਲੀ ਖੋਹ-ਖੋਹ, ਸਟਾਪੂ/ਪੀਚੋ ਬੱਕਰੀ, ਲੰਗੜੀ ਟੰਗ, ਅੰਨਾ ਝੋਟਾ, ਖੂੰਜਾ ਨੱਪਣਾ ਆਦਿ ਕਰਵਾਈਆਂ ਜਾਣ ਅਤੇ ਸੁਨਿਸ਼ਚਿਤ ਕੀਤਾ ਜਾਵੇ ਕਿ ਹਰੇਕ ਵਿਦਿਆਰਥੀ ਕਿਸੇ ਨਾ ਕਿਸੇ ਖੇਡ ਵਿੱਚ ਭਾਗ ਜਰੂਰ ਲਵੇ। ਇਹਨਾਂ ਖੇਡਾਂ ਦਾ ਸਮਾਂ ਅੱਧਾ ਘੰਟੇ (ਸਵੇਰੇ 9:15 ਵਜੇ ਤੋਂ 9:45 ਵਜੇ ਤੱਕ) ਦਾ ਹੋਵੇਗਾ।

**(ੲ) ਉਡਾਣ ਪ੍ਰੋਜੈਕਟ:** ਉਡਾਣ ਪ੍ਰੋਜੈਕਟ ਅਧੀਨ ਵੱਖ-ਵੱਖ ਗਰੁੱਪਾਂ ਛੇਵੀਂ ਤੋਂ ਅਠਵੀਂ ਜਮਾਤ , ਨੌਵੀਂ ਤੋਂ ਦਸਵੀਂ ਅਤੇ ਗਿਆਰਵੀਂ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਦੇ ਮੁਕਾਬਲੇ ਕਰਵਾਏ ਜਾਣਗੇ। ਪ੍ਰਸ਼ਨ ਪੱਤਰ ਹੈੱਡ ਆਫਿਸ ਵੱਲੋਂ ਭੇਜੇ ਜਾਣਗੇ।

**(ਸ) ਬੀ.ਬੀ.ਐਮ.ਬੀ. ਵੱਲੋਂ ਊਰਜਾ ਸੁਰੱਖਿਅਣ 'ਤੇ ਕਰਵਾਏ ਜਾਣ ਵਾਲਾ ਪੇਟਿੰਗ ਮੁਕਾਬਲਾ :**

ਊਰਜਾ ਸੁਰੱਖਿਅਣ ਪੇਟਿੰਗ ਮੁਕਾਬਲੇ ਵਿੱਚ ਕੈਟਾਗਰੀ ਏ ਵਿੱਚ ਚੌਥੀ ਤੋਂ ਛੇਵੀਂ ਅਤੇ ਕੈਟਾਗਰੀ ਬੀ ਵਿੱਚ ਸਤਵੀਂ ਤੋਂ ਨੌਵੀਂ ਜਮਾਤ ਦੇ ਵਿਦਿਆਰਥੀ ਭਾਗ ਲੈ ਸਕਦੇ ਹਨ। ਵਿਦਿਆਰਥੀ ਆਪਣੇ ਨਾਲ ਪੈਨਸਿਲ, ਪੈਨਸਿਲ ਰੰਗ,Crayaons, Water Colour ਵਰਤ ਸਕਦੇ ਹਨ। ਪੇਟਿੰਗ ਮੁਕਾਬਲੇ ਦਾ ਟਾਪਿਕ ਹੇਠ ਲਿਖਿਆਂ ਵਿੱਚ ਕੋਈ ਵੀ ਹੋ ਸਕਦਾ ਹੈ:

| Proposed Theme Topics<br>School Level | |
|---|---|
| Category 'A'<br>(4th, 5th & 6th Standards) | Category 'B'<br>(7th, 8th & 9th Standards) |
| Energy is life, Conserve it. | Save Energy for other |
| Saving Energy is bright idea | Energy Conservation, Save Nation |
| Save Energy to Sustainable life | Wind, Water Sun, Energy for long run |

| ਵਿਸ਼ਾ<br>ਸਕੂਲ ਪੱਧਰ | |
|---|---|
| **ਕੈਟਾਗਰੀ 'A'<br>ਚੌਥੀ, ਪੰਜਵੀਂ ਅਤੇ ਛੇਵੀਂ ਜਮਾਤਾਂ ਲਈ** | **ਕੈਟਾਗਰੀ 'B'<br>ਸਤੱਵੀਂ, ਅੱਠਵੀਂ ਅਤੇ ਨੌਵੀਂ ਜਮਾਤਾਂ ਲਈ** |
| ਊਰਜਾ ਜੀਵਨ ਹੈ, ਇਸ ਦਾ ਬਚਾਵ ਕਰੋ | ਊਰਜਾ ਬਚਾਓ, ਤਾਂਕਿ ਜਿਆਦਾ ਘਰ ਰੋਸ਼ਨ ਹੋ ਸਕਣ। |
| ਊਰਜਾ ਬਚਤ, ਇੱਕ ਉਚਿਤ ਵਿਚਾਰ | ਊਰਜਾ ਦੀ ਬਚਤ, ਦੇਸ਼ ਦੀ ਸੁਰੱਖਿਆ |
| ਊਰਜਾ ਬਚਤ, ਟਿਕਾਊ ਜੀਵਨ | ਸੂਰਜ, ਹਵਾ ਅਤੇ ਪਾਣੀ ਊਰਜਾ ਦਾ ਕੋਈ ਨਹੀਂ ਸਾਨੀ |

ਸਕੂਲ ਮੁੱਖੀ/ ਪ੍ਰਿੰਸੀਪਲ ਕੈਟਾਗਰੀ ਏ ਅਤੇ ਕੈਟਾਗਰੀ ਬੀ ਵਿੱਚੋਂ ਚੁਣੀਆਂ ਗਈਆਂ ਅਲੱਗ-ਅਲੱਗ ਦੋ ਵਧੀਆ ਪੇਟਿੰਗਾਂ ਅਤੇ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਲਿਸਟ (ਅਨੁਲੱਗ-2 ਤੇ) ਨੋਡਲ ਅਫ਼ਸਰ ਨੂੰ ਮਿਤੀ 28 ਸਤੰਬਰ, 2018 ਤੱਕ ਹੇਠ ਲਿਖੇ ਪਤੇ ਤੇ ਭੇਜਣਗੇ :-

Er. Balvir Singh Sinhmar
Director/ HRD & Consultancy
-cum-Nodal Officer
BBMB, Plot No. 6-B,
Sector - 19 B, Chandigarh
Mobile No. 09417207496, 09464741298
Tel. No: 0172-5024587

ਇਸ ਦਾ ਇੱਕ ਉਤਾਰਾ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ./ਸੈ.ਸਿ.) ਨੂੰ ਵੀ ਭੇਜਿਆ ਜਾਵੇ। ਭੇਜੀ ਜਾਣ ਵਾਲੀ ਪੇਟਿੰਗ ਦੇ ਪਿਛਲੇ ਪਾਸੇ ਹੇਠ ਲਿਖੀਆਂ ਸੂਚਨਾਵਾਂ ਜਰੂਰ ਲਿਖੀਆਂ ਜਾਣ:

| | |
|---|---|
| (1) Name of the Student | (2) Father's/ Mother's Name |
| (3) Tel/Mobile No. of Parents | (4) Category (A or B) |
| (5) Standard/ Class | (6) Roll No. |
| (7) School name and postal address | (8) Govt. School in Rural area (Write yes or No) |
| (9) State/ UT | (10) School Tel. No. / Mobile No/mail id |
| Signature of School Principal | |

ਇਸ ਮੁਕਾਬਲੇ ਵਿੱਚ ਵੱਧ ਤੋਂ ਵੱਧ ਵਿਦਿਆਰਥੀਆਂ ਦਾ ਭਾਗ ਲੈਣਾ ਯਕੀਨੀ ਬਣਾਇਆ ਜਾਵੇ।

(ਹ) **PCRA ਵੱਲੋਂ ' ਈਂਧਣ ਬਚਾਓ' 'ਤੇ ਕਰਵਾਏ ਜਾਣ ਵਾਲੇ ਲੇਖ ਮੁਕਾਬਲੇ, ਪੇਟਿੰਗ ਮੁਕਾਬਲੇ ਅਤੇ ਕੁਇਜ਼ ਮੁਕਾਬਲੇ :** 'ਈਂਧਣ ਬਚਾਓ' ਲੇਖ ਮੁਕਾਬਲੇ ਦਾ ਸਮਾਂ ਇੱਕ ਘੰਟੇ ਦਾ ਹੋਵੇਗਾ ਅਤੇ ਇਸ ਵਿੱਚ ਛੇਵੀਂ ਤੋਂ ਨੌਵੀਂ ਜਮਾਤ ਦੇ ਵਿਦਿਆਰਥੀ ਭਾਗ ਲੈ ਸਕਦੇ ਹਨ। ਈਂਧਣ ਬਚਾਓ ਪੇਟਿੰਗ ਮੁਕਾਬਲੇ ਦਾ ਸਮਾਂ ਦੋ ਘੰਟੇ ਦਾ ਹੋਵੇਗਾ ਅਤੇ ਇਸ ਮੁਕਾਬਲੇ ਵਿੱਚ ਪੰਜਵੀ ਤੋਂ ਸਤਵੀਂ (ਜੂਨੀਅਰ ਵਰਗ) ਅਤੇ ਅੱਠਵੀਂ ਤੋਂ ਦਸਵੀਂ (ਸੀਨੀਅਰ ਵਰਗ) ਦੇ ਵਿਦਿਆਰਥੀ ਭਾਗ ਲੈ ਸਕਦੇ ਹਨ। ਮੁਕਾਬਲਿਆਂ ਸਬੰਧੀ ਵਧੇਰੇ ਜਾਣਕਾਰੀ ਲਈ 011-26715360 ਜਾਂ ਈ-ਮੇਲ: contact@pcracompetitions.org ਜਾਂ www.pcracompetitions.org or www.pcra.org/competitions.html. ਤੇ ਸੰਪਰਕ ਕੀਤਾ ਜਾ ਸਕਦਾ ਹੈ। ਸਕੂਲ ਮੁੱਖੀ ਵੱਲੋਂ ਚੁਣੀਆਂ ਗਈਆਂ ਦੋ-ਦੋ ਵਧੀਆਂ ਐਂਟਰੀ (ਲੇਖ ਅਤੇ ਪੇਟਿੰਗ) ਹੇਠ ਲਿਖੇ ਪਤੇ ਤੇ ਭੇਜੀਆਂ ਜਾਣ:

Additional Director - EC
Sanrakshan Bhavan
10- Bhikaiji Cama Place,
New Delhi - 110066

ਕੁਇਜ਼ ਮੁਕਾਬਲੇ ਲਈ ਸਕੂਲ ਮੁੱਖੀਆਂ ਵੱਲੋਂ ਕੰਪਿਊਟਰ ਫੈਕਲਟੀ ਦੀ ਡਿਊਟੀ ਲਗਾਈ ਜਾਵੇ। ਕੰਪਿਊਟਰ ਫੈਕਲਟੀ ਦੁਆਰਾ ਉੱਕਤ ਮੁਕਾਬਲੇ ਕਰਵਾਉਣ ਦਾ ਸਾਰਾ ਕੰਮ ਜਿਵੇਂ ਕਿ ਆਨਲਾਈਨ ਵਿਦਿਆਰਥੀਆਂ ਦੀ ਐਂਟਰੀ, ਲਾਗਇੰਨ ਕਰਨਾ, ਰਿਜਲਟ ਪਤਾ ਕਰਨਾ, ਈ-ਮੇਲ ਕਰਨਾ ਆਦਿ ਕੰਮ ਕੀਤੇ ਜਾਣਗੇ।

ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ.)
ਪੰਜਾਬ